# ਸ਼ਹੀਦਾਂ ਦੀ ਯਾਦ ਅੰਦਰ

ਜਿਹੜੀ ਮੌਤ ਮਨੁੱਖਤਾ ਸਾਹਮਣੇ ਜ਼ਿੰਦਗੀ ਦਾ ਰਾਹ ਨਿਖਾਰਦੀ ਹੈ ਉਸ ਨੂੰ ਸ਼ਹਾਦਤ ਕਿਹਾ ਜਾਂਦਾ ਹੈ ਭਾਵ ਸ਼ਹਾਦਤ ਅਜਿਹੀ ਮੌਤ ਹੈ ਜਿਹੜੀ ਜ਼ਿੰਦਗੀ ਦਾ ਸੰਦੇਸ਼ ਲੈ ਕੇ ਆਉਂਦੀ ਹੈ।

ਪਿਛਲੇ ਕੁਝ ਸਾਲਾਂ ਵਿਚ ਪੰਥ ਅਤੇ ਸ਼ਹੀਦ ਸ਼ਬਦ ਨੂੰ ਕੁਝ ਇਸ ਤਰ੍ਹਾਂ ਦੁਹਰਾਇਆ ਗਿਆ ਕਿ ਲੋਕਾਂ ਦਾ ਇਨ੍ਹਾਂ ਸ਼ਬਦਾਂ ਨਾਲੋਂ ਮੋਹ ਭੰਗ ਹੋ ਗਿਆ। ਇਤਿਹਾਸ ਦੇ 150 ਸਾਲਾਂ ਤੋਂ ਅੱਜ ਤੱਕ ਸਾਨੂੰ ਇਹ ਅਫਸੋਸ ਹੈ ਕਿ ਸਾਡੇ ਆਗੂ ਮਾੜੇ ਨਿਕਲੇ। ਨੇੜੇ ਭਵਿੱਖ ਵਿਚ ਫਿਰ ਸੰਭਾਵਨਾਵਾਂ ਹਨ ਜਦ ਤੱਕ ਅਸੀਂ ਆਪਣੀ ਵਿਰਾਸਤ ਨੂੰ ਸਹੀ ਰੂਪ ਵਿਚ ਪਛਾਣ ਨਹੀਂ ਲੈਂਦੇ। ਇਹ ਸਮੱਸਿਆ ਸਿਰਫ਼ ਆਗੂਆਂ ਦੇ ਮਾੜੇ/ਚੰਗੇ ਹੋਣ ਦੀ ਨਹੀਂ ਸਗੋਂ ਸਾਡੇ ਕੌਮੀ ਕਿਰਦਾਰ ਦੀ ਹੈ ਕਿਉਂਕਿ ਅਸੀਂ ਨਿੱਜੀ ਹਿੱਤਾਂ ਅਤੇ ਪੰਥਕ ਹਿੱਤਾ ਨੂੰ ਅਹਿਮ ਮੌਕਿਆਂ 'ਤੇ ਰਲ-ਗੱਡ ਕਰ ਲੈਂਦੇ ਹਾਂ। ਸਾਡੇ ਕਿਰਦਾਰ ਦਾ ਅਧਾਰ ਗੁਰਬਾਣੀ, ਇਤਿਹਾਸ ਅਤੇ ਸਭਿਆਚਾਰ ਦੀਆਂ ਅਮੀਰ ਪ੍ਰੰਪਰਾਵਾਂ ਹਨ। ਸਾਡੀ ਇਨ੍ਹਾਂ ਨਾਲ ਸਾਂਝ ਜਿੰਨੀ ਡੂੰਘੀ ਤੇ ਮਜ਼ਬੂਤ ਹੋਵੇਗੀ ਸਾਨੂੰ ਆਪਣਾ ਰਾਹ/ਨਿਸ਼ਾਨ ਓਨਾ ਹੀ ਸਾਫ਼ ਵਿਖਾਈ ਦੇਵੇਗਾ। ਜੇ ਸਾਨੂੰ ਸਮੁੱਚੇ ਹਾਲਾਤ ਅਤੇ ਭਵਿੱਖ ਦੀ ਕੋਈ ਠੋਸ ਰੂਪ- ਰੇਖਾ ਵਿਖਾਈ ਨਹੀਂ ਦਿੰਦੀ ਤਾਂ ਇਕ ਗੱਲ ਸਾਫ਼ ਹੈ ਕਿ ਅਸੀਂ ਇਤਿਹਾਸ ਦੀਆਂ ਮਹਾਨ ਘਟਨਾਵਾਂ ਨੂੰ ਓਪਰੇ ਮਨੋਂ ਹੀ ਜਾਣਦੇ ਹਾਂ ਪਰ ਸਾਡੇ ਚੇਤੇ ਦੀਆਂ ਡੂੰਘਾਣਾਂ ਵਿਚੋਂ ਇਹ ਵਿਸਰ ਰਹੀਆਂ ਹਨ। ਅਸੀਂ ਜਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਦੇ ਸਾਹਮਣੇ ਹੁੰਦੇ ਹਾਂ ਇਤਿਹਾਸ ਵਿਚੋਂ ਉਸੇ ਤਰ੍ਹਾਂ ਦੀਆਂ ਘਟਨਾਵਾਂ ਦਾ ਆਸਰਾ ਭਾਲਦੇ ਹਾਂ। ਜਦੋਂ ਸਾਡੀ ਅਗਲੀ ਪੀੜ੍ਹੀ ਦੇ ਵਿਰਾਸਤ ਤੋਂ ਬੇ-ਮੁੱਖ ਹੋਣ ਦੀ ਗੱਲ ਆਉਂਦੀ ਹੈ ਤਾਂ ਸਾਨੂੰ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਚੇਤੇ ਆਉਂਦੀਆਂ ਹਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਰੀ ਮਨੁੱਖਤਾ ਦੇ ਇਤਿਹਾਸ ਵਿਚ ਇਕ ਲਾਸਾਨੀ ਘਟਨਾ ਹੈ। ਦੀਵਾਰਾਂ ਵਿਚ ਚਿਣੇ ਜਾਣ ਦੇ ਬਾਵਜੂਦ ਵੀ ਉਨ੍ਹਾਂ ਮਾਸੂਮ ਜਿੰਦਾਂ ਦਾ ਨਾ ਡੋਲਣਾ ਸਾਨੂੰ ਇਹ ਦੱਸਦਾ ਹੈ ਕਿ ਸਿਦਕ ਅਭਿਆਸ ਦੁਆਰਾ ਪੈਦਾ ਕੀਤਾ ਗਿਆ ਕੋਈ ਹੱਠ ਨਹੀਂ ਹੁੰਦਾ ਸਗੋਂ ਇਹ ਤਾਂ ਸਿਮਰਨ ਅਤੇ ਬੰਦਗੀ ਦੁਆਰਾ ਬੰਦੇ ਦੀ ਰੂਹ ਅੰਦਰ ਉਜਾਗਰ ਹੋਈ ਕੋਈ ਮਜੀਠੀ ਪਰਪੱਕਤਾ ਹੁੰਦੀ ਹੈ। ਸੱਚਾ ਸਿਦਕ ਮੌਤ ਦੇ ਭਿਆਨਕ ਤੋਂ ਭਿਆਨਕ ਰੂਪਾਂ ਨੂੰ ਸਹਿਜ ਵਿਚ ਹੀ ਫਤਿਹ ਕਰ ਲੈਣ ਦਾ ਨਾਂ ਹੈ।

ਅਤਿ ਮੁਸ਼ਕਲ ਭਰੇ ਦੌਰ ਵਿਚ ਵੀ ਖ਼ੂਨੀ ਦੀਵਾਰਾਂ ਅੰਦਰ ਖੜੀਆਂ ਦੋ ਮਾਸੂਮ ਜਿੰਦਾਂ ਦੀ ਯਾਦ ਸਿੱਖਾਂ ਦੇ ਸਿਦਕ ਨੂੰ ਪਰਬਲਤਾ ਪ੍ਰਦਾਨ ਕਰਨ ਲਈ ਉਨ੍ਹਾਂ ਦੀ ਸੂਰਤ ਵਿਚ ਹਮੇਸ਼ਾਂ ਹੀ ਮੌਜੂਦ ਰਹਿੰਦੀ ਹੈ। ਸਿੱਖ ਇਤਿਹਾਸ ਦੇ ਇਨ੍ਹਾਂ ਖ਼ੂਨੀ ਸਾਕਿਆਂ ਦੀ ਯਾਦ ਸਾਡੇ ਅੰਦਰਲੇ ਜਜ਼ਬਿਆਂ ਦੇ ਵਹਿਣ ਨੂੰ ਅਕਾਲ ਪੁਰਖ ਦੀ ਸਦੀਵੀਂ ਯਾਦ ਵੱਲ ਮੋੜਨ ਵਿਚ ਸਦਾ ਹੀ ਸਹਾਈ ਹੁੰਦੀ ਰਹੇਗੀ।

ਅੱਜ ਅਸੀਂ ਸਾਰੇ ਹੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਹਾਂ ਕਿ ਪੰਥ ਸਮੱਸਿਆਵਾਂ ਦੇ ਘੋਰ-ਅੰਧਾਰ ਸਾਗਰ ਵਿਚ ਘਿਰਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਦੇ ਕਾਰਨ ਵੀ ਬਹੁ-ਪਰਤੀ ਅਤੇ ਗੁੰਝਲਦਾਰ ਹਨ। ਪੰਥ ਅੰਦਰ ਪਈਆਂ ਹੋਈਆਂ ਵੰਡੀਆਂ ਬਹੁਤ ਹੀ ਘਾਤਕ ਸਿੱਧ ਹੋ ਰਹੀਆਂ ਹਨ। ਬਿਪਤਾ ਦੇ ਇਸ ਮੌਕੇ ਸਮੇਂ ਜੇ ਅਸੀਂ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਦੀ ਯਾਦ ਨੂੰ ਆਪਣੇ ਅੰਦਰ ਕੁਝ ਇਸ ਢੰਗ ਨਾਲ ਉਤਾਰ ਲਈਏ ਕਿ ਨਿਤਾਪ੍ਰਤੀ ਜੀਵਨ ਦੌਰਾਨ ਇਹ ਯਾਦ ਸਾਡੀਆਂ ਭਾਵਨਾਵਾਂ ਨੂੰ ਟੁੰਬਦੀ ਰਹੇ ਤਾਂ ਇਹ ਘਟਨਾ ਸਾਡੇ ਲਈ ਮਾਰਗ ਦਰਸ਼ਕ ਸਿੱਧ ਹੋ ਸਕਦੀ ਹੈ। ਗੁਰੂ ਦੇ ਰਾਹ ਉੱਤੇ ਚਲਦਿਆਂ ਸਾਡਾ ਸਿਦਕ ਹੀ ਸਾਡਾ ਸਭ ਕੁਝ ਹੈ। ਛੋਟੇ ਸਾਹਿਬਜ਼ਾਦਿਆਂ ਦੇ ਮਾਸੂਮ ਅਤੇ ਪਾਕ-ਪਵਿੱਤਰ ਚਿਹਰੇ ਸੱਚੇ ਸਿਦਕ ਦੀਆਂ ਸਾਕਾਰ ਮੂਰਤਾਂ ਹਨ। ਉਨ੍ਹਾਂ ਦੀ ਯਾਦ ਸਾਡੀ ਪਵਿੱਤਰ ਵਚਨਬੱਧਤਾ ਨੂੰ ਮਜ਼ਬੂਤ ਅਤੇ ਸ਼ਹਾਦਤ ਦੇ ਚਾਅ ਨੂੰ ਪ੍ਰਚੰਡ ਕਰੇਗੀ।

ਸਿੱਖ ਸਟੂਡੈਂਟਸ ਫੈਡਰੇਸ਼ਨ ਸ਼ਹੀਦੀ ਜੋੜ ਮੇਲੇ ਦੇ ਇਸ ਪਵਿੱਤਰ ਮੌਕੇ 'ਤੇ ਗੁਰੂ ਦਰ ਉੱਤੇ ਨਤਮਸਤਕ ਹੁੰਦਿਆਂ ਸਮੂਹ ਖ਼ਾਲਸਾ ਪੰਥ ਨੂੰ ਗੁਜ਼ਾਰਿਸ਼ ਕਰਦੀ ਹੈ ਕਿ ਅਸੀਂ ਸਾਹਿਬਜ਼ਾਦਿਆਂ ਦੀ ਯਾਦ ਨੂੰ ਸੀਨੇ ਵਿਚ ਸਾਂਭਣ ਦਾ ਪ੍ਰਣ ਕਰੀਏ।

ਵੱਲੋਂ :

## ਸਿੱਖ ਸਟੂਡੈਂਟਸ ਫੈਡਰੇਸ਼ਨ

*(ਇਹ ਦਸਤਾਵੇਜ਼ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਦਸੰਬਰ 2003 ਨੂੰ ਫਤਿਹਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਦੇ ਸਾਲਾਨਾ ਸ਼ਹੀਦੀ ਸਮਾਗਮ ਮੌਕੇ ਵੰਡਿਆ ਗਿਆ )*

For More Publications Visit us: http://www.sikhstudentsfederation.com